ਵੱਲੋਂ

ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ-ਕਮ- ਫਸਟ ਅਪੀਲੇਟ ਅਥਾਰਟੀ,
ਐਸ.ਸੀ.ਓ. ਨੰਬਰ 177-178, ਸੈਕਟਰ-17ਸੀ, ਚੰਡੀਗੜ੍ਹ।

ਵੱਲ

ਪਬਲਿਕ ਇਨਫਰਮੇਸ਼ਨ ਅਫਸਰ
-ਕਮ- ਜ਼ਿਲ੍ਹਾ ਟਰਾਂਸਪੋਰਟ ਅਫਸਰ,
ਜਲੰਧਰ।

ਨੰਬਰ ਫਸਟਕ/ਅਪੀਲ ਨੰਬਰ 48 ਆਫ 2016/ 16368
ਮਿਤੀ 18-4-16

ਵਿਸ਼ਾ:- ਆਰ.ਟੀ.ਆਈ. ਐਕਟ 2005 ਅਧੀਨ ਅਪੀਲ ਦੀ ਸੁਣਵਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰਬਰ ਫਸਟਕ/ਅਪੀਲ ਨੰਬਰ 48 ਆਫ 2016/13569 ਮਿਤੀ 1-4-16 ਦੇ ਸਬੰਧ ਵਿੱਚ।

2. ਆਪ ਜੀ ਨੂੰ ਸ੍ਰੀ ਅਮੀਰ ਚੰਦ ਪੁੱਤਰ ਸ੍ਰੀ ਬੇਲੀ ਰਾਮ, ਪਿੰਡ ਸ਼ਾਹਪੁਰ, ਜ਼ਿਲ੍ਹਾ ਜਲੰਧਰ ਵਾਸੀ ਮਕਾਨ ਨੰਬਰ 606/589, ਗਲੀ ਨੰਬਰ 2, ਰਾਮ ਵਿਹਾਰ ਡਾਕਖਾਨਾ ਬਸਤੀ ਜੋਧੇਵਾਲ ਰਾਹੋਂ ਰੋਡ, ਲੁਧਿਆਣਾ ਦੀ ਪ੍ਰਤੀਬੇਨਤੀ ਮਿਤੀ 28-03-2016 ਰਾਹੀਂ ਬੇਨਤੀ ਕੀਤੀ ਗਈ ਸੀ ਕਿ ਇਸ ਕੇਸ ਨਾਲ ਸਬੰਧਤ ਰਿਕਾਰਡ ਸਮੇਤ ਮਿਤੀ 8-4-2016 ਨੂੰ 11.00 ਵਜੇ ਨਿਮਨਹਸਤਾਖਰ ਦੇ ਕਮਰੇ ਵਿੱਚ ਸੁਣਵਾਈ ਸਮੇਂ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਇਸ ਕੇਸ ਦਾ ਨਿਪਟਾਰਾ ਕੀਤਾ ਜਾ ਸਕੇ।

3. ਪ੍ਰੰਤੂ ਨਾ ਤਾਂ ਆਪ ਹਾਜ਼ਰ ਆਏ ਅਤੇ ਨਾ ਹੀ ਕੋਈ ਸੂਚਨਾ ਭੇਜੀ ਗਈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਆਰ.ਟੀ.ਆਈ. ਐਕਟ, 2005 ਤਹਿਤ ਇੱਕ ਹਫਤੇ ਦੇ ਅੰਦਰ ਅੰਦਰ ਮੁਹੱਈਆ ਕਰਵਾਈ ਜਾਵੇ।

ਸਹੀ/-
ਫਸਟ ਅਪੀਲੇਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ।

**ਰਜਿਸਟਰਡ**

ਪਿੱਠ ਅੰਕਣ ਨੰ. ਫਸਟਕ/ਅਪੀਲ ਨੰ: 48 ਆਫ 2016/ 16369 ਮਿਤੀ 18-4-16

ਉਤਾਰਾ ਸ੍ਰੀ ਅਮੀਰ ਚੰਦ ਪੁੱਤਰ ਸ੍ਰੀ ਬੇਲੀ ਰਾਮ, ਪਿੰਡ ਸ਼ਾਹਪੁਰ, ਜ਼ਿਲ੍ਹਾ ਜਲੰਧਰ ਵਾਸੀ ਮਕਾਨ ਨੰਬਰ 606/589, ਗਲੀ ਨੰਬਰ 2, ਰਾਮ ਵਿਹਾਰ ਡਾਕਖਾਨਾ ਬਸਤੀ ਜੋਧੇਵਾਲ ਰਾਹੋਂ ਰੋਡ, ਲੁਧਿਆਣਾ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਸਹੀ/-
ਫਸਟ ਅਪੀਲੇਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ

ਈ ਮੇਲ

ਵੱਲੋ

ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ-ਕਮ- ਫਸਟ ਐਪੀਲੇਟ ਅਥਾਰਟੀ,
ਐਸ.ਸੀ.ਓ. ਨੰਬਰ 177-178, ਸੈਕਟਰ-17ਸੀ, ਚੰਡੀਗੜ੍ਹ।

ਪਬਲਿਕ ਇਨਫਰਮੇਸ਼ਨ ਅਫਸਰ,
-ਕਮ- ਜ਼ਿਲ੍ਹਾ ਟਰਾਂਸਪੋਰਟ ਅਫਸਰ,
ਜਲੰਧਰ।

ਨੰਬਰ ਵਸਟਕ/ਅਪੀਲ ਨੰਬਰ 48 ਆਫ 2016/ 13569
ਮਿਤੀ 1-4-16

ਵਿਸ਼ਾ- ਆਰ.ਟੀ.ਆਈ.ਐਕਟ 2005 ਅਧੀਨ ਅਪੀਲ ਦੀ ਸੁਣਵਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਆਪ ਜੀ ਨੂੰ ਸ਼੍ਰੀ ਅਮੀਰ ਚੰਦ ਪੁੱਤਰ ਸ਼੍ਰੀ ਬੇਲੀ ਰਾਮ, ਪਿੰਡ ਸ਼ਾਹਪੁਰ, ਜ਼ਿਲ੍ਹਾ ਜਲੰਧਰ ਵਾਸੀ ਮਕਾਨ ਨੰਬਰ 606/589, ਗਲੀ ਨੰਬਰ 2, ਰਾਮ ਵਿਹਾਰ ਡਾਕਘਰ ਬਸਤੀ ਜੋਧੇਵਾਲ ਰਾਹੋ ਰੋਡ, ਲੁਧਿਆਣਾ ਦੀ ਪ੍ਰਤੀਬੇਨਤੀ ਮਿਤੀ 28-03-2016 (ਕਾਪੀ ਨੱਥੀ)ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਕੇਸ ਨਾਲ ਸਬੰਧਤ ਰਿਕਾਰਡ ਸਮੇਤ ਮਿਤੀ 18-4-2016 ਨੂੰ 11.00 ਵਜੇ ਨਿਮਨਹਸਤਾਖਰ ਦੇ ਕਮਰੇ ਵਿੱਚ ਸੂਚਨਾ ਸਮੇਤ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਇਸ ਕੇਸ ਦਾ ਨਿਪਟਾਰਾ ਕੀਤਾ ਜਾ ਸਕੇ।

1-4-16
ਫਸਟ ਐਪੀਲੇਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ।

ਰਜਿਸਟਰਡ
ਪਿੱਠ ਅੰਕਣ ਨੰ: ਸਟਕ/ ਵਸਟਕ/ਅਪੀਲ ਨੰ: 48 ਆਫ 2016/ 13570 ਮਿਤੀ: 1-4-16

ਉਤਾਰਾ ਸ਼੍ਰੀ ਅਮੀਰ ਚੰਦ ਪੁੱਤਰ ਸ਼੍ਰੀ ਬੇਲੀ ਰਾਮ, ਪਿੰਡ ਸ਼ਾਹਪੁਰ, ਜ਼ਿਲ੍ਹਾ ਜਲੰਧਰ ਵਾਸੀ ਮਕਾਨ ਨੰਬਰ 606/589, ਗਲੀ ਨੰਬਰ 2, ਰਾਮ ਵਿਹਾਰ ਡਾਕਘਰ ਬਸਤੀ ਜੋਧੇਵਾਲ ਰਾਹੋ ਰੋਡ, ਲੁਧਿਆਣਾ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਫਸਟ ਐਪੀਲੇਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ

2107

9/3/16

31/3/16

## ਪਹਿਲੀ ਅਪੀਲ ਅਧੀਨ ਸੂਚਨਾ ਦਾ ਅਧਿਕਾਰ ਕਾਨੂੰਨ 2005

ਸੇਵਾ ਵਿਖੇ,

ਪਹਿਲੀ ਅਪੀਲ ਅਥਾਰਟੀ,
ਕਮ-ਸਟੇਟ ਟਰਾਂਸਪੋਰਟ ਕਮਿਸ਼ਨਰ ਪੰਜਾਬ,
ਚੰਡੀਗੜ੍ਹ

ਅਪੀਲ ਕਰਤਾ,

1) ਅਮੀਰ ਚੰਦ ਪੁੱਤਰ ਸ੍ਰੀ ਬੇਲੀਰਾਮ, ਪਿੰਡ ਸਾਹਪੁਰ, ਜਿਲ੍ਹਾ ਜਲੰਧਰ ਵਾਸੀ ਮਕਾਨ ਨੰ: 589, ਗਲੀ ਨੰ.2 ਰਾਮ ਵਿਹਾਰ ਡਾਕਘਰ ਬਸਤੀ ਜੋਧੇਵਾਲ ਰਾਹੋਂ ਰੋਡ ਲੁਧਿਆਣਾ ।

2)ਡਾਕਪਤਾ :ਮਕਾਨ ਨੰ: 606/589 ਗਲੀ ਨੰ: 2, ਰਾਮ ਵਿਹਾਰ ਡਾਕਘਰ ਬਸਤੀ ਜੋਧੇਵਾਲ, ਰਾਹੋ ਰੋਡ ਲੁਧਿਆਣਾ ।

ਹੁਕਮ ਜਿੰਨ੍ਹਾ ਦੇ ਖਿਲਾਫ ਅਪੀਲ ਕੀਤੀ ਹੈ (ਕੋਈ ਹੁਕਮ ਨਹੀ ਹੈ )

ਮੰਗੀ ਗਈ ਜਾਣਕਾਰੀ : ੳ) ਫਾਰਮ ੳ ਮਿਤੀ 21-01-2016 ਨਾਲ ਨੱਥੀ ਹੈ ।
ਲੋਕ ਸੂਚਨਾ ਅਫ਼ਸਰ : ਅ) ਲੋਕ ਸੂਚਨਾ ਅਫਸਰ ਕਮ-ਜਿਲ੍ਹਾ ਟਰਾਂਸਪੋਰਟ ਅਫਸਰ ਜਲੰਧਰ ।

ਅਪੀਲ ਕਰਤਾ :

ਅਪੀਲ-ਕਰਤਾ ਵੱਲੋਂ ਲੋਕ ਸੂਚਨਾ ਅਫ਼ਸਰ ਕਮ-ਜਿਲ੍ਹਾ ਟਰਾਂਸਪੋਰਟ ਅਫ਼ਸਰ ਜਲੰਧਰ ਪਾਸੋ ਮਿਤੀ 21-01-2016 ਨੂੰ ਫਾਰਮ-ੳ ਅਨੁਸਾਰ ਸੂਚਨਾ ਦੀ ਮੰਗ ਕੀਤੀ ਗਈ ਸੀ । ਸੂਚਨਾ ਦੇ ਅਧਿਕਾਰ ਕਾਨੂੰਨ ਅਨੁਸਾਰ ਲੋਕ ਸੂਚਨਾ ਅਫਸਰ 30 ਦਿਨਾ ਦੇ ਅੰਦਰ ਮੰਗੀ ਗਈ ਸੂਚਨਾ ਦੇਣ ਲਈ ਪਾਬੰਦ ਹੈ ਪਰ ਲੋਕ ਸੂਚਨਾ ਅਫਸਰ ਕਮ-ਜਿਲ੍ਹਾ ਟਰਾਂਸਪੋਰਟ ਅਫਸਰ ਵੱਲੋਂ 30 ਦਿਨਾ ਤੱਕ ਮੰਗੀ ਗਈ ਸੂਚਨਾ ਅਪੀਲ ਕਰਤਾ ਨੂੰ ਨਹੀ ਦਿੱਤੀ ਗਈ । ਜੋ ਸੂਚਨਾ ਦੇ ਅਧਿਕਾਰ ਕਾਨੂੰਨ ਦੀ ਉਲੰਘਣਾ ਹੈ । ਆਪ ਜੀ ਪਾਸ ਅਪੀਲ ਕੀਤੀ ਜਾਂਦੀ ਹੈ ਕਿ ਸੂਚਨਾ ਦੇ ਅਧਿਕਾਰ ਕਾਨੂੰਨ ਅਨੁਸਾਰ ਸਬੰਧਤ ਲੋਕ ਸੂਚਨਾ ਅਫਸਰ ਨੂੰ ਮੰਗੀ ਗਈ ਸੂਚਨਾ ਅਪੀਲ ਕਰਤਾ ਨੂੰ ਦੇਣਾ ਲਈ ਲੋੜੀਦੇ ਹੁਕਮ ਜਾਰੀ ਕੀਤੇ ਜਾਣ ਅਤੇ ਸੂਚਨਾ ਦੇ ਅਧਿਕਾਰ ਕਾਨੂੰਨ ਦੀ ਉਲੰਘਣਾ ਕਰਨ ਕਾਰਨ ਲੋਕ ਸੂਚਨਾ ਅਫ਼ਸਰ ਦੇ ਖਿਲਾਫ ਯੋਗ ਕਾਰਵਾਈ ਕਰਨ ਦੀ ਕ੍ਰਿਪਾ ਕੀਤੀ ਜਾਵੇ ।

28/03/2016

ਅਪੀਲ ਕਰਤਾ
ਅਮੀਰ ਚੰਦ ਪੁੱਤਰ ਸ੍ਰੀ ਬੇਲੀਰਾਮ,
ਪਿੰਡ ਸਾਹਪੁਰ, ਜਿਲ੍ਹਾ ਜਲੰਧਰ

## ਫਾਰਮ-ੳ

ਦੇਖੋ ਨਿਯਮ 3(1), ਲੋਕ ਸੂਚਨਾ ਐਕਟ ਅਧੀਨ 2005

ਸੇਵਾ ਵਿਖੇ,

ਲੋਕ ਸੂਚਨਾ ਅਫ਼ਸਰ,
ਕਮ-ਜ਼ਿਲ੍ਹਾ ਟਰਾਂਸਪੋਰਟ ਅਫ਼ਸਰ,
ਜਲੰਧਰ ।

1) ਨਾਮ : ਅਮੀਰ ਚੰਦ ਪੁੱਤਰ ਖੇਲੀ ਰਾਮ, ਪਿੰਡ ਸਾਹਪੁਰ, ਤਹਿਸੀਲ ਫਿਲੌਰ, ਜਲੰਧਰ ।

2) ਡਾਕਪਤਾ : ਮਕਾਨ ਨੰ: 606/589, ਗਲੀ ਨੰ: 2 ਟਾਮਵਿਹਾਰ, ਡਾਬਾਮਹ ਬਸਤੀ ਜੋਧੇਵਾਲ ਹਾਹੋ ਰੋਡ ਲੁਧਿਆਣਾ ।

3) ਮੰਗੀ ਗਈ ਸੂਚਨਾ ਦਾ ਵੇਰਵਾ

ੳ) ਜ਼ਿਲ੍ਹਾ ਟਰਾਂਸਪੋਰਟ ਅਫਸਰ ਵਲੋਂ 5+1 ਸੀਟਾ ਵਾਲੇ ਆਟੋ ਰਿਕਸ਼ਾ ਨੂੰ ਜਾਰੀ ਕੀਤੇ ਪਰਮਿਟਾਂ ਦੀ ਸੂਚੀ ਪਰਮਿਟ ਧਾਰੀ ਦੇ ਨਾਮ ਪਤੇ ਅਤੇ ਆਟੋ ਰਿਕਸ਼ਾ ਦਾ ਰਜਿਸਟ੍ਰੇਸ਼ਨ ਨੰ: ਸਮੇਤ ਦਿੱਤਾ ਜਾਵੇ ।

ਅ) ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਵਲੋਂ ਆਟੋ ਰਿਕਸ਼ਾ ਜਿਨ੍ਹਾਂ ਨੂੰ ਸਬ-ਡਵੀਜ਼ਨ/ਤਹਿਸੀਲ ਦੇ ਦਾਇਰੇ ਅੰਦਰ ਚਲਣ ਦੇ ਪਰਮਿਟ ਜਾਰੀ ਕੀਤੇ ਗਏ ਹਨ । ਪਰਮਿਟ ਧਾਰੀ ਦੇ ਨਾਮ, ਪਤੇ, ਆਟੋ ਰਿਕਸ਼ਾ ਦੇ ਨੰਬਰਾ ਸਮੇਤ ਪੂਰੇ ਵੇਰਵੇ ਦਿੱਤੇ ਜਾਣ ।

ੲ) ਸਟੇਟ ਟਰਾਂਸਪੋਰਟ ਕਮਿਸ਼ਨਰ ਪੰਜਾਬ, ਚੰਡੀਗੜ੍ਹ ਵਲੋਂ ਆਟੋ ਰਿਕਸ਼ਾ ਦੇ ਪਰਮਿਟ ਜਾਰੀ ਕਰਨ ਸੰਬੰਧੀ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਜਲੰਧਰ ਨੂੰ ਦਿੱਤੇ ਅਧਿਕਾਰਾਂ ਸੰਬੰਧੀ ਜਾਰੀ ਕੀਤੇ ਨੋਟੀਫਿਕੇਸ਼ਨ ਜੂਨ-2015 ਦੇ ਪੱਤਰ ਦੀ ਕਾਪੀ ਦਿੱਤੀ ਜਾਵੇ

ਸ) ਉੱਚ ਅਦਾਲਤ ਪੰਜਾਬ ਅਤੇ ਹਰਿਆਣਾ ਚੰਡੀਗੜ੍ਹ ਵਲੋਂ ਸਿਵਲ ਰਿਟ ਪਟੀਸ਼ਨ ਨੰ: 2911/07 ਵਿਚ ਪਾਸ ਕੀਤੇ ਹੁਕਮ ਨੂੰ ਲਾਗੂ ਕਰਨ ਲਈ ਕੀਤੀ ਗਈ ਕਾਰਵਾਈ ਦਾ ਪੂਰਾ ਵੇਰਵਾ ਦਿੱਤਾ ਜਾਵੇ । ਪੰਜ ਸਾਲਾ ਵਿਚ ਕੀਤੇ ਚਲਾਨ ਅਤੇ ਵਸੂਲ ਕੀਤੀ ਸਮਝੌਤਾ ਫੀਸ ਦਾ ਪੂਰਾ ਵੇਰਵਾ ਦਿੱਤਾ ਜਾਵੇ ਜੀ ।

ਹ) ਉੱਚ ਅਦਾਲਤ ਪੰਜਾਬ ਅਤੇ ਹਰਿਆਣਾ ਚੰਡੀਗੜ੍ਹ ਵਲੋਂ ਸਿਵਲ ਰਿਟ ਪਟੀਸ਼ਨ ਨੰ: 13490/2008 ਵਿਚ ਪਾਸ ਕੀਤੇ ਹੁਕਮਾ ਨੂੰ ਲਾਗੂ ਕਰਨ ਲਈ ਪਿਛਲੇ ਪੰਜ ਸਾਲਾ ਵਿਚ ਡੀਜ਼ਲ ਆਟੋ ਰਿਕਸ਼ਾ ਦੇ ਕੀਤੇ ਗਏ ਚਲਾਨਾ ਅਤੇ ਵਸੂਲ ਕੀਤੀ ਸਮਝੌਤਾ ਫੀਸ ਦਾ ਪੂਰਾ ਵੇਰਵਾ ਦਿੱਤਾ ਜਾਵੇ ।

ਕ) ਉੱਚ ਅਦਾਲਤ ਪੰਜਾਬ ਅਤੇ ਹਰਿਆਣਾ ਚੰਡੀਗੜ੍ਹ ਵਲੋਂ ਸਿਵਲਰਿਟ ਪਟੀਸ਼ਨ ਨੰ: 15741/12 ਵਿਚ ਪਾਸ ਕੀਤੇ ਹੁਕਮਾ ਨੂੰ ਲਾਗੂ ਕਰਨ ਲਈ ਭਾਰ ਢੋਣ ਵਾਲੀਆ ਗੱਡੀਆ ਦੇ ਕੀਤੇ ਚਲਾਨਾ ਅਤੇ ਵਸੂਲ ਕੀਤੀ ਫੀਸ ਦਾ ਪੰਜ ਸਾਲਾ ਦਾ ਵੇਰਵਾ ਦਿੱਤਾ ਜਾਵੇ ।

ਖ) ਜ਼ਿਲ੍ਹਾ ਟਰਾਂਸਪੋਰਟ ਅਫ਼ਸਰ, ਜਲੰਧਰ ਦੇ ਦਫ਼ਤਰ ਵਿੱਚ ਖੇਤੀਬਾੜੀ ਕਰਨ ਲਈ ਰਜਿਸਟਰਡ ਕੀਤੇ ਟਰੈਕਟਰਾਂ ਦੀ ਸੂਚੀ ਟਰੈਕਟਰ ਮਾਲਕਾ ਦੇ ਨਾਮ ਪਤੇ ਸਮੇਤ ਦਿੱਤੀ ਜਾਵੇ ।

4) ਮੰਗੀ ਗਈ ਸੂਚਨਾ ਸੰਬੰਧੀ ਅਰਜ਼ੀ ਫੀਸ 10/ ਰੁਪੈ ਨਾਲ ਨੱਥੀ ਆਈ ਪੀ. ਓ. ਨੰ: 31F 306955 ਰਾਹੀ ਭੇਜੀ ਜਾਂਦੀ ਹੈ । ਮੰਗੀ ਗਈ ਸੂਚਨਾ ਫਾਰਮ-ੳ ਦੇ ਲੜੀ ਨੰ: 2 ਵਿਚ ਦਿੱਤੇ ਡਾਕਪਤੇ ਰਾਹੀ ਭੇਜੀ ਜਾਵੇ ।

21-1-2016

ਹਸਤਾਖ਼ਰ
[redacted] ਬਿਨੈਕਾਰ

Counter No:1,OP-Code:011
POLICE LINES
JALANDHAR
[illegible]
21/01/2016